## ਪੰਜਾਬ ਸਕੂਲ ਸਿੱਖਿਆ ਬੋਰਡ

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਰਾਜ-ਪੱਧਰੀ ਵਿੱਦਿਅਕ ਮੁਕਾਬਲੇ ਮਿਤੀ: 01-12-2017 ਤੋਂ 03-12-2017 ਤੱਕ ਦੀ ਬਜਾਏ ਹੁਣ ਮਿਤੀ:15-12-2017 ਤੋਂ 17-12-2017 ਤੱਕ ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ-8, ਐਸ.ਏ.ਐਸ.ਨਗਰ ਵਿਖੇ ਕਰਵਾਏ ਜਾ ਰਹੇ ਹਨ। ਇਹਨਾਂ ਸਬੰਧੀ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ:-

1. ਮੁਕਾਬਲਿਆਂ ਵਿੱਚ ਚਾਰ ਖੇਤਰਾਂ (ਬਠਿੰਡਾ, ਪਟਿਆਲਾ, ਜਲੰਧਰ ਅਤੇ ਅੰਮ੍ਰਿਤਸਰ) ਵਿੱਚੋਂ ਜੇਤੂ ਵਿੱਦਿਆਰਥੀ/ ਟੀਮਾਂ ਭਾਗ ਲੈਣਗੀਆਂ।
2. ਗਰੁੱਪ ਆਇਟਮ ਜਿਵੇਂ ਸ਼ਬਦ ਗਾਇਨ, ਭੰਗੜਾ, ਗਿੱਧਾ, ਕਵਿਸ਼ਰੀ ਆਦਿ ਪਹਿਲੇ ਅਤੇ ਦੂਜੇ ਸਥਾਨ ਪ੍ਰਾਪਤ ਕਰਨ ਵਾਲੀਆਂ ਅਤੇ ਸਿੰਗਲ ਆਇਟਮ ਜਿਵੇਂ ਗੀਤ, ਸੋਲੋ ਡਾਂਸ, ਸੁੰਦਰ ਲਿਖਾਈ ਆਦਿ ਪਹਿਲਾ ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਰਾਜ-ਪੱਧਰ ਮੁਕਾਬਲਿਆਂ ਵਿੱਚ ਭਾਗ ਲੈ ਸਕਦੇ ਹਨ।
3. ਰਾਜ-ਪੱਧਰ ਦੇ ਮੁਕਾਬਲਿਆਂ ਵਿੱਚ ਗਤਕਾ ਅਤੇ ਇਕਾਂਗੀ ਮੁਕਾਬਲੇ ਜੋ ਸੈਕੰਡਰੀ ਦੇ ਪੱਧਰ ਹਨ, ਪ੍ਰਾਇਮਰੀ ਵਰਗ ਦੇ ਮੁਕਾਬਲਿਆਂ ਵਾਲੇ ਦਿਨ (ਭਾਵ ਮੁਕਾਬਲਿਆਂ ਦੇ ਪਹਿਲੇ ਦਿਨ ਮਿਤੀ:15-12-2017) ਨੂੰ ਕਰਵਾਏ ਜਾਣਗੇ।
4. ਭੰਗੜੇ ਦੀ ਆਇਟਮ ਲਈ ਸਪੱਸ਼ਟ ਕੀਤਾ ਜਾਂਦਾ ਹੈ ਕਿ ਭੰਗੜੇ ਦੀ ਟੀਮ ਵਿੱਚ ਕੁਲ 8 ਤੋਂ 11 ਵਿੱਦਿਆਰਥੀ ਭਾਗ ਲੈ ਸਕਦੇ ਹਨ। ਇਹਨਾਂ ਵਿੱਚੋਂ ਹੀ ਇੱਕ ਵਿਦਿਆਰਥੀ ਬੋਲੀਆਂ ਪਾਉਣ ਵਾਲਾ ਹੋਵੇਗਾ। 8 ਤੋਂ 11 ਵਿਦਿਆਰਥੀਆਂ ਤੋਂ ਇਲਾਵਾ ਇੱਕ ਢੋਲੀ ਅਤੇ ਦੋ ਹੋਰ ਬਾਹਰਲੇ ਸਜਿੰਦੇ (ਪ੍ਰੋਫੈਸ਼ਨਲ) ਭਾਗ ਲੈ ਸਕਦੇ ਹਨ ਪਰ ਇਨਾਂ ਨੂੰ ਟੀਮ ਦਾ ਹਿੱਸਾ ਨਹੀ ਮੰਨਿਆ ਜਾਵੇਗਾ।

Ram Lubhaya

ਉੱਪ ਡਾਇ.(ਫੀ.ਪ੍ਰੋ.)

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

1. ਸ੍ਰੀ ਰਾਮ ਲੁਭਾਇਆ, ਉਪ ਡਾਇ. (ਫੀ.ਪ੍ਰੋ.) (98550-82821)
2. ਸ੍ਰੀ ਹਰਜਿੰਦਰ ਪਾਲ ਸਿੰਘ, ਵਿਸ਼ਾ ਮਾਹਰ (98880-22647)
3. ਸ੍ਰੀ ਦਰਸ਼ਨ ਸਿੰਘ, ਸੁਪਰਡੰਟ (ਫੀ.ਪ੍ਰੋ.) (98726-85400)
4. ਸ੍ਰੀਮਤੀ ਜਗਵੀਰ ਕੌਰ, ਸੀਨੀਅਰ ਸਹਾਇਕ (ਫੀ.ਪ੍ਰੋ.) (94652-17101)
5. ਸ੍ਰੀ ਰਾਜ ਕੁਮਾਰ ਗਾਂਧੀ, ਸੀਨੀਅਰ ਸਹਾਇਕ (ਫੀ.ਪ੍ਰੋ.) (98889-20645)